**[ਆਰਬੀਆਈ ਦੀ ਰੀਸਟ੍ਰਕਚਰਿੰਗ 2.0 ਸਕੀਮ 'ਤੇ ਅਕਸਰ ਪੁੱਛੇ ਜਾਣ ਵਾਲੇ ਸਵਾਲ]**

**1. ਆਰਬੀਆਈ ਦੁਆਰਾ ਮਾਨਤਾ ਪ੍ਰਾਪਤ ਰੀਸਟ੍ਰਕਚਰਿੰਗ 2.0 ਸਕੀਮ ਕੀ ਹੈ?**

ਆਰਬੀਆਈ ਨੇ ਗਾਹਕਾਂ ਨੂੰ ਜ਼ਿਕਰਯੋਗ ਆਰਥਿਕ ਤਨਾਅ ਪਾਉਣ ਵਾਲੀ ਕੋਵਿਡ-19 ਮਹਾਂਮਾਰੀ ਦੇ ਕਾਰਨ ਆਈ ਆਰਥਿਕ ਗਿਰਾਵਟ ਦਾ ਹੱਲ ਕਰਨ ਲਈ ਹੱਲ ਯੋਜਨਾਵਾਂ ਦੇ ਸੰਚਾਲਨ ਲਈ ਬੈਂਕਾਂ ਅਤੇ ਲੈਂਡਿੰਗ ਇੰਸਟੀਟਿਊਸ਼ਨਜ਼ ਦੇ ਲਈ ਇੱਕ ਰੂਪ-ਰੇਖਾ ਪ੍ਰਦਾਨ ਕੀਤੀ ਹੈ। ਰੂਪਰੇਖਾ ਅਤੇ ਰੈਗੂਲੇਸ਼ਨ ਦਿਸ਼ਾ-ਨਿਰਦੇਸ਼ਾਂ ਦੇ ਆਧਾਰ 'ਤੇ ਤੁਹਾਡੇ ਬੈਂਕ ਨੇ ਉਹਨਾਂ ਵਿਅਕਤੀਆਂ ਅਤੇ ਅਦਾਰਿਆਂ ਦੇ ਲੋਨ ਦੀ ਰੀਸਟ੍ਰਕਚਰਿੰਗ ਲਈ ਆਪਣੀ ਨੀਤੀ ਅਪਣਾਈ ਹੈ ਜੋ ਕੋਵਿਡ-19 ਮਹਾਂਮਾਰੀ ਦੇ ਕਾਰਨ ਪ੍ਰਭਾਵਿਤ ਹੋਏ ਹਨ।

**2. ਰੀਸਟ੍ਰਕਚਰਿੰਗ ਲਈ ਕੌਣ ਯੋਗ ਹੈ?**

a) ਵਿਅਕਤੀ ਅਤੇ ਅਦਾਰੇ ਜਿਹਨਾਂ ਨੂੰ 1 ਅਪ੍ਰੈਲ, 2021 ਦੇ ਅਨੁਸਾਰ ਬੈਂਕ ਦੇ ਨਾਲ ਸਟੈਂਡਰਡ ਦੇ ਤੌਰ 'ਤੇ ਵਰਗੀਕ੍ਰਿਤ ਕੀਤਾ ਗਿਆ ਹੈ।
b) ਗਾਹਕ ਨੂੰ ਆਮਦਨ/ਨਕਦ ਪ੍ਰਵਾਹ ਵਿੱਚ ਕਮੀ/ਹਾਨੀ ਦੇ ਨਤੀਜੇ ਵਜੋਂ ਕੋਵਿਡ-19 ਮਹਾਂਮਾਰੀ ਦੁਆਰਾ ਆਰਥਿਕ ਤੌਰ 'ਤੇ ਪ੍ਰਭਾਵਿਤ ਹੋਣਾ ਚਾਹੀਦਾ ਹੈ।
c) ਕੇਵਲ ਉਹੀ ਖਾਤੇ ਜੋ 1 ਅਪ੍ਰੈਲ 2021 ਦੇ ਅਨੁਸਾਰ ਬੈਂਕ ਦੀ ਵਹੀ ਵਿੱਚ ਹਨ, ਉਹੀ ਯੋਗ ਹੋਣਗੇ।
d) ਆਮਦਨ ਦੀ ਕਮੀ ਅਤੇ ਗਾਹਕ 'ਤੇ ਉਸਦੇ ਆਰਥਿਕ ਪ੍ਰਭਾਵ ਦੀ ਸਮੀਖਿਆ ਪ੍ਰਦਾਨ ਕੀਤੇ ਗਏ ਦਸਤਾਵੇਜ਼ਾਂ/ਜਾਣਕਾਰੀ ਦੇ ਆਧਾਰ 'ਤੇ ਬੈਂਕ ਦੁਆਰਾ ਕੀਤੀ ਜਾਵੇਗੀ ਜੋ ਕੋਵਿਡ-19 ਦੇ ਕਾਰਨ ਨਕਦ ਪ੍ਰਵਾਹ ਵਿੱਚ ਗਿਰਾਵਟ ਦਰਸਾਉਂਦਾ ਹੈ। ਬੈਂਕ ਰੀਸਟ੍ਰਕਚਰਿੰਗ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਕੀਤੇ ਗਏ ਦਸਤਾਵੇਜ਼ਾਂ ਦੇ ਆਧਾਰ 'ਤੇ ਰੀਸਟ੍ਰਕਚਰਡ ਈਐਮਆਈ ਦਾ ਭੁਗਤਾਨ ਕਰਨ ਦੀ ਗਾਹਕ ਦੀ ਵਿਹਾਰਿਕਤਾ ਦਾ ਮੁਲਾਂਕਣ ਕਰੇਗਾ। ਵਿਹਾਰਿਕਤਾ ਦੀਆਂ ਗਣਨਾਵਾਂ ਤੋਂ ਇਲਾਵਾ, ਗਾਹਕ ਦਾ ਪੁਨਰਭੁਗਤਾਨ ਦਾ ਟ੍ਰੈਕ ਰਿਕਾਰਡ, ਕ੍ਰੈਡਿਟ ਬਿਊਰੋ ਦੇ ਰਿਕਾਰਡਸ ਅਤੇ ਗਾਹਕ ਦੁਆਰਾ ਪਹਿਲੇ ਮੋਰੇਟੋਰੀਅਮ ਹਾਸਿਲ ਕਰਦੇ ਸਮੇਂ ਦਿੱਤੇ ਗਏ ਜਵਾਬਾਂ 'ਤੇ ਵੀ ਰੀਸਟ੍ਰਕਚਰਿੰਗ ਦਾ ਫੈਸਲਾ ਲੈਣ ਸਮੇਂ ਵਿਚਾਰ ਕੀਤਾ ਜਾਵੇਗਾ।

**3. ਰੈਗੂਲੇਟਰੀ ਰੀਸਟ੍ਰਕਚਰਿੰਗ ਰਿਲੀਫ਼ ਪੈਕੇਜ ਦੇ ਤਹਿਤ ਕਿਹਨਾਂ ਉਤਪਾਦਾਂ ਨੂੰ ਕਵਰ ਕੀਤਾ ਗਿਆ ਹੈ।**

- ਕ੍ਰੈਡਿਟ ਕਾਰਡ ਰਿਸੀਵੇਬਲਸ
- ਆੱਟੋ ਲੋਨਸ ਅਤੇ ਟੂ-ਵ੍ਹੀਲਰ ਲੋਨਸ
- ਪਰਸਨਲ ਲੋਨਸ (ਪਰਸਨਲ ਵਰਤੋਂ ਅਤੇ ਵਪਾਰ/ਵਪਾਰਿਕ ਉਦੇਸ਼ਾਂ ਲਈ)
- ਪ੍ਰੋਫੈਸ਼ਨਲਸ ਲਈ ਪਰਸਨਲ ਲੋਨ
- ਐਜੂਕੇਸ਼ਨ ਲੋਨਸ
- ਅਚਲ ਸੰਪੱਤੀਆਂ ਦੇ ਨਿਰਮਾਣ/ਵਾਧੇ ਲਈ ਦਿੱਤੇ ਗਏ ਲੋਨਸ (ਉਦਾਹਰਨ ਹਾਊਸਿੰਗ ਲੋਨਸ)
- ਐਮਐਸਐਮਈ ਲੋਨਸ ਉੱਦਯਮ ਪ੍ਰਮਾਣਪੱਤਰ ਦੇ ਨਾਲ (ਕਰਜ਼ਦਾਰ ਨੂੰ 31 ਮਾਰਚ 2021 ਦੇ ਅਨੁਸਾਰ ਗਜਟ ਨੋਟੀਫਿਕੇਸ਼ਨ ਐਸ.ਓ. 2119 (ਈ) ਤਾਰੀਖ਼ 26 ਜੂਨ, 2020)

**4. ਕਿਸ ਪ੍ਰਕਾਰ ਦੇ ਲੋਨਸ ਰੀਸਟ੍ਰਕਚਰਿੰਗ ਦੇ ਯੋਗ ਨਹੀਂ ਹਨ?**

ਨਿਮਨਲਿਖਿਤ ਅਦਾਰੇ/ਵਿਅਕਤੀ ਲੋਨਸ ਰੀਸਟ੍ਰਕਚਰਿੰਗ ਦੇ ਲਈ ਯੋਗ ਨਹੀਂ ਹਨ:-

- ਖੇਤੀ ਉਦੇਸ਼ਾਂ ਲਈ ਵਿਅਕਤੀ/ਅਦਾਰਾ ਅਤੇ ਖੇਤੀ ਰਿਣ ਦੇ ਰੂਪ ਵਿੱਚ ਬੈਂਕ ਦੁਆਰਾ ਵਰਗੀਕ੍ਰਿਤ
- ਐਗਰੀਕਲਚਰਲ ਕ੍ਰੈਡਿਟ ਸੋਸਾਇਟੀਜ਼
- ਫਾਇਨੈਂਸ਼ੀਅਲ ਸਰਵਿਸ ਪ੍ਰੋਵਾਇਡਰਸ
- ਕੇਂਦਰੀ, ਰਾਜ ਅਤੇ ਸਥਾਨਕ ਸਰਕਾਰੀ ਅਦਾਰੇ
- ਐਚਡੀਐਫਸੀ ਬੈਂਕ ਕਰਮਚਾਰੀ
- ਏਸੀ ਹਾਊਸਿੰਗ ਫਾਇਨੈਂਸ ਕੰਪਨੀਆਂ ਦਾ ਐਕਸਪੋਜ਼ਰ ਜਿਹਨਾਂ ਨੂੰ ਪਹਿਲਾਂ ਹੀ ਰੀਸ਼ਡਿਊਲ ਕੀਤਾ ਜਾ ਚੁੱਕਿਆ ਹੈ।
- ਲੋਨਸ ਜਿਹਨਾਂ ਨੂੰ ਪਹਿਲਾਂ ਹੀ ਇੱਕ ਵਾਰ ਰੀਸਟ੍ਰਕਚਰ ਕੀਤਾ ਜਾ ਚੁੱਕਿਆ ਹੈ।

**5. ਮੈਂ ਆਪਣੇ ਲੋਨ 'ਤੇ ਰੀਸਟ੍ਰਕਚਰਿੰਗ ਦਾ ਲਾਭ ਕਿਵੇਂ ਲੈ ਸਕਦਾ ਹਾਂ?**

ਤੁਸੀਂ ਬੈਂਕ ਦੀ ਵੈਬਸਾਈਟ 'ਤੇ ਐਪਲੀਕੇਸ਼ਨ ਲਿੰਕ'ਤੇ ਵਿਜ਼ਿਟ ਕਰਕੇ, ਅਰਜ਼ੀ ਫਾਰਮ ਭਰ ਸਕਦੇ ਹੋ ਅਤੇ ਸਬੰਧਿਤ ਵਿਵਰਣ ਜਮ੍ਹਾਂ ਕਰ ਸਕਦੇ ਹੋਪ

ਆਪਣੇ ਲੋਨ ਅਕਾਉਂਟ ਨੰਬਰ /ਕ੍ਰੈਡਿਟ ਕਾਰਡ ਨੰਬਰ/ਬੈਂਕ ਦੇ ਨਾਲ ਪੰਜੀਕ੍ਰਿਤ ਈਮੇਲ ਆਈਡੀ ਦੇ ਨਾਲ ਅਰਜ਼ੀ ਫਾਰਮ 'ਤੇ ਲਾੱਗਿਨ ਕਰੋ ਅਤੇ ਤੁਹਾਡੇ ਪੰਜੀਕ੍ਰਿਤ ਮੋਬਾਇਲ ਨੰਬਰ/ ਈਮੇਲ 'ਤੇ ਓਟੀਪੀ ਭੇਜਿਆ ਜਾਂਦਾ ਹੈ। ਜੇ ਤੁਸੀਂ ਆਪਣਾ ਨੰਬਰ ਬਦਲ ਲਿਆ ਹੈ, ਤਾਂ ਕਿਰਪਾ ਕਰਕੇ ਨੰਬਰ  ਵਿੱਚ ਬਦਲਾਵ ਲਈ ਲਿਖਿਤ ਅਰਜ਼ੀ ਨਜ਼ਦੀਕੀ ਸ਼ਾਖਾ ਵਿੱਚ ਦਿਓ, ਅਤੇ ਸਿਸਟਮ 'ਤੇ ਨੰਬਰ ਬਦਲਣ ਤੋਂ ਬਾਅਦ ਅਰਜ਼ੀ ਦਿਓ।

ਜਾਂ ਫਿਰ, ਤੁਸੀਂ ਰਿਲੇਸ਼ਨਸ਼ਿਪ ਮੈਨੇਜਰ (ਆਰਐਮ) ਨਾਲ ਸੰਪਰਕ ਕਰ ਸਕਦੇ ਹੋ।

**6. ਕੀ ਮੈਂ ਕਈ ਵਾਰ ਅਰਜ਼ੀ ਦੇ ਸਕਦਾ ਹਾਂ?**

ਨਹੀਂ। ਤੁਸੀਂ ਰੀਸਟ੍ਰਕਚਰਿੰਗ ਲਈ ਸਿਰਫ਼ ਇੱਕ ਵਾਰ ਅਰਜ਼ੀ ਦੇ ਸਕਦੇ ਹੋ।

**7. ਮੇਰੇ ਲਈ ਕਿਹੜੇ ਰੀਸਟ੍ਰਕਚਰਿੰਗ ਵਿਕਲਪ ਉਪਲਬਧ ਹਨ?**

ਬੈਂਕ ਦੀ ਇੱਛਾ ਦੇ ਅਧੀਨ ਲੋਨ ਦੀ ਬਾਕੀ ਅਵਧੀ ਨੂੰ ਅਧਿਕਤਮ 24 ਮਹੀਨਿਆਂ ਤੱਕ ਲਈ ਹੋਰ ਵੀ ਵਿਸਤ੍ਰਿਤ ਕੀਤਾ ਜਾ ਸਕਦਾ ਹੈ, ਜਿਸ ਵਿੱਚ ਮੋਰੇਟੋਰੀਅਮ ਅਵਧੀ ਸ਼ਾਮਿਲ ਹੈ ਤਾਂ ਕਿ ਤੁਹਾਡੀ ਮਾਸਿਕ ਈਐਮਆਈ ਚੁਕੌਤੀ ਦਾ ਬੋਝ ਆਸਾਨ ਹੋ ਸਕੇ।

**8. ਕੀ ਰੀਸਟ੍ਰਕਚਰਿੰਗ ਦਾ ਲਾਭ ਲੈਣ ਲਈ ਮੈਨੂੰ ਕੋਈ ਦਸਤਾਵੇਜ਼ ਜਮ੍ਹਾਂ ਕਰਵਾਉਣ ਦੀ ਲੋੜ ਹੈ?**

ਬੈਂਕ ਦੇ ਕੋਲ ਤੁਹਾਡੇ ਰੁਜ਼ਗਾਰ ਜਾਂ ਵਪਾਰ ਦੀ ਮੌਜੂਦਾ ਸਥਿਤੀ ਬਾਰੇ ਵਿਵਰਣ ਦਿੰਦੇ ਹੋਏ ਦਸਤਾਵੇਜ਼ ਜਮ੍ਹਾਂ ਕਰਨਾ ਜ਼ਰੂਰੀ ਹੋਵੇਗਾ।

ਵੇਤਨਸ਼ੁਦਾ ਕਰਜ਼ਦਾਰਾਂ ਲਈ:

- ਮਾਰਚ 2021 ਦੇ ਮਹੀਨੇ ਦੀ ਵੇਤਨ ਪਰਚੀ ਅਤੇ ਪਿਛਲੇ 2 ਮਹੀਨੇ ਦੀ ਨਵੀਨਤਮ ਵੇਤਨ ਪਰਚੀ
- ਅਨੁਮਾਨਿਤ ਰੀਸਟ੍ਰਕਚਰਿੰਗ ਅਵਧੀ (ਅਧਿਕਤਮ 24 ਮਹੀਨੇ) ਸਮਾਪਤ ਹੋਣ ਤੋਂ ਤੁਰੰਤ ਬਾਅਦ ਅਨੁਮਾਨਿਤ ਵੇਤਨ/ਆਮਦਨ ਦੀ ਘੋਸ਼ਣਾ
- ਨੌਕਰੀ ਤੋਂ ਮੁਕਤ ਕੀਤੇ ਜਾਣ ਦਾ ਪੱਤਰ (ਨੌਕਰੀ ਨਹੀਂ ਰਹਿਣ ਦੇ ਮਾਮਲੇ ਵਿੱਚ)
- ਵੇਤਨਸ਼ੁਦਾ ਕਰਮਚਾਰੀਆਂ ਦੇ ਮਾਮਲੇ ਵਿੱਚ ਅਕਤੂਬਰ 2020 ਤੋਂ ਵਰਤਮਾਨ ਤਾਰੀਖ਼ ਤੱਕ ਖਾਤੇ ਦੀ ਬੈਂਕ ਅਕਾਉਂਟ ਸਟੇਟਮੈਂਟ ਜਿੱਥੇ ਵੇਤਨ ਜਮ੍ਹਾਂ ਕੀਤਾ ਜਾਂਦਾ ਹੈ।

ਸਵੈ-ਰੁਜ਼ਗਾਰ ਕਰਜ਼ਦਾਰਾਂ/ਅਦਾਰਿਆਂ ਲਈ:

- 1 ਅਪ੍ਰੈਲ 23020 ਤੋਂ ਵਰਤਮਾਨ ਤਾਰੀਖ਼ ਤੱਕ ਕਰੰਟ/ਸੀਸੀ ਅਕਾਉਂਟ ਬੈਂਕ ਸਟੇਟਮੈਂਟ
- ਅਕਤੂਬਰ 2020 ਤੋਂ ਵਰਤਮਾਨ ਤਾਰੀਖ਼ ਤੱਕ ਜੀਐਸਟੀ ਰਿਟਰਨਸ
- ਵਿੱਤੀ ਸਾਲ 19 ਅਤੇ ਵਿੱਤੀ ਸਾਲ 20 ਅਤੇ ਵਿੱਤੀ ਸਾਲ 21 ਦੇ ਲਈ ਆਮਦਨ ਕਰ ਰਿਟਰਨਸ (ਜੇ ਫਾਇਲ ਕੀਤੀਆਂ ਹਨ)
- ਪਿਛਲੇ 2 ਸਾਲਾਂ ਦੀ ਲਾਭ ਅਤੇ ਹਾਨੀ ਸਟੇਟਮੈਂਟ/ਬੈਲੈਂਸ ਸ਼ੀਟ
- ਉਦਯਮ ਸਰਟੀਫਿਕੇਟ
- ਸਵੈ-ਰੁਜ਼ਗਾਰ ਪੇਸ਼ੇਵਰ/ਬਿਜਨਿਸਮੈਨ ਦੁਆਰਾ ਇਹ ਘੋਸ਼ਣਾ ਕਿ ਉਹਨਾਂ ਦਾ ਵਪਾਰ ਕੋਵਿਡ-19 ਨਾਲ ਪ੍ਰਭਾਵਿਤ ਹੈ।

ਕਿਰਪਾ ਕਰਕੇ ਲਿੰਕ 'ਤੇ ਅਰਜ਼ੀ ਦੇਣ ਤੋਂ ਪਹਿਲਾਂ ਇਹਨਾਂ ਦਸਤਾਵੇਜ਼ਾਂ ਨੂੰ ਤਿਆਰ ਰੱਖੋ, ਕਿਉਂਕਿ ਅਧੂਰੀਆਂ ਅਰਜ਼ੀਆਂ ਦੀ ਪ੍ਰਕਿਰਿਆ ਕੀਤੇ ਜਾਣ ਦੀ ਸੰਭਾਵਨਾ ਨਹੀਂ ਹੁੰਦੀ ।

**9. ਕੀ ਰੀਸਟ੍ਰਕਚਰਿੰਗ ਪੈਕੇਜ ਲਈ ਚੋਣ ਕਰਨਾ ਮੇਰੀ ਕ੍ਰੈਡਿਟ ਬਿਊਰੋ ਰਿਪੋਰਟ 'ਤੇ ਪ੍ਰਭਾਵ ਪਾ ਸਕਦਾ ਹੈ?**

ਰੈਗੂਲੇਟਰੀ ਨਿਰਦੇਸ਼ਾਂ ਦੇ ਅਨੁਸਾਰ, ਤੁਹਾਡੀ ਲੋਨ/ਕ੍ਰੈਡਿਟ ਸੁਵਿਧਾ ਦੀ ਸੂਚਨਾ "ਰੀਸਟ੍ਰਕਚਰਡ" ਦੇ ਰੂਪ ਵਿੱਚ ਕ੍ਰੈਡਿਟ ਬਿਊਰੋ ਨੂੰ ਦਿੱਤੀ ਜਾਵੇਗੀ।

**10. ਮੈਂ ਬੈਂਕ ਤੋਂ ਅਨੇਕ ਲੋਨਸ/ਕ੍ਰੈਡਿਟ ਸੁਵਿਧਾਵਾਂ ਲਈਆਂ ਹਨ। ਕੀ ਇਹਨਾਂ ਵਿੱਚੋਂ ਹਰੇਕ ਲੋਨ ਲਈ ਮੈਨੂੰ ਵੱਖ-ਵੱਖ ਅਰਜ਼ੀ ਦੇਣੀ ਪਵੇਗੀ?**

ਬੈਂਕ ਦੀ ਵੈਬਸਾਈਟ 'ਤੇ ਇਕ ਅਰਜ਼ੀ ਪੱਤਰ ਦੁਆਰਾ ਇੱਕ ਜਾਂ ਸਾਰੇ ਲੋਨਸ ਲਈ ਰੀਸਟ੍ਰਕਚਰਿੰਗ ਅਰਜ਼ੀ ਫਾਰਮ 'ਤੇ ਅਰਜ਼ੀ ਦੇਣ ਦਾ ਵਿਕਲਪ ਹੋਵੇਗਾ। ਬੈਂਕ ਕੋਵਿਡ-19 ਦੇ ਪ੍ਰਭਾਵ 'ਤੇ ਅਤੇ ਉਸਦੇ ਬਾਰੇ ਫੈਸਲਾ ਲੈਣ ਤੋਂ ਪਹਿਲਾਂ ਮੁੜ ਅਦਾਇਗੀ ਯੋਜਨਾ ਦੀ ਵਿਹਾਰਿਕਤਾ 'ਤੇ ਰੈਗੂਲੇਟਰੀ ਨਿਰਦੇਸ਼ਾਂ 'ਤੇ ਅਰਜ਼ੀ ਦਾ ਮੁਲਾਂਕਣ ਕਰੇਗਾ।

**11. ਮੇਰੇ ਕੋਲ ਮੇਰੀ ਕ੍ਰੈਡਿਟ ਸੀਮਾ ਦੇ ਅੰਦਰ ਈਐਮਆਈ ਪਲਾਨਸ ਦੇ ਨਾਲ ਕ੍ਰੈਡਿਟ ਕਾਰਡ ਹੈ। ਕੀ ਮੈਂ ਈਐਮਆਈ ਪਲਾਨ ਨਹੀਂ ਸਗੋਂ ਸਿਰਫ਼ ਕਾਰਡ ਦੀ ਬਕਾਇਆ ਰਾਸ਼ੀ ਦੀ ਰੀਸਟ੍ਰਕਚਰਿੰਗ ਦੀ ਚੋਣ ਕਰ ਸਕਦਾ ਹਾਂ?**

ਕ੍ਰੈਡਿਟ ਲਿਮਿਟ ਦੇ ਅੰਦਰ ਲੋਨਸ ਸਹਿਤ ਸੰਪੂਰਨ ਕ੍ਰੈਡਿਟ ਕਾਰਡ ਬੈਲੈਂਸ ਨੂੰ ਰੀਸਟ੍ਰਕਚਰ ਕੀਤਾ ਜਾਵੇਗਾ ਅਤੇ ਇੱਕ ਵੱਖ ਜੋਨ ਅਕਾਉਂਟ ਵਿੱਚ ਬਦਲਿਆ ਜਾਵੇਗਾ।

**12. ਮੇਰੇ ਕ੍ਰੈਡਿਟ ਕਾਰਡ 'ਤੇ ਮੈਂ ਇੱਕ ਜੰਬੋ ਲੋਨ ਸੁਵਿਧਾ ਲੈ ਰੱਖੀ ਹੈ। ਜੇ ਮੈਂ ਕ੍ਰੈਡਿਟ ਕਾਰਡ ਨੂੰ ਰੀਸਟ੍ਰਕਚਰ ਕਰਨ ਦੀ ਚੋਣ ਕਰਦਾ ਹਾਂ, ਤਾਂ ਕੀ ਜੰਬੋ ਲੋਨ ਵਿੱਚ ਰੂਪਾਂਤਰਣ ਕਰਨਾ ਜ਼ਰੂਰੀ ਹੈ?**

You may choose to restructure either the card balance or the Jumbo Loan or both the facilities.
ਤੁਸੀਂ ਜਾਂ ਤਾਂ ਕਾਰਡ ਬੈਲੈਂਸ ਜਾਂ ਜੰਬੋ ਲੋਨ ਜਾਂ ਦੋਵਾਂ ਸੁਵਿਧਾਵਾਂ ਨੂੰ ਰੀਸਟ੍ਰਕਚਰ ਕਰਨ ਦਾ ਫੈਸਲਾ ਕਰ ਸਕਦੇ ਹੋ।

**13. ਜੇ ਮੈਂ ਰੀਸਟ੍ਰਕਚਰਿੰਗ ਸਕੀਮ ਦੀ ਸੁਵਿਧਾ ਲੈਂਦਾ ਹਾਂ, ਤਾਂ ਕੀ ਮੇਰਾ ਕ੍ਰੈਡਿਟ ਕਾਰਡ ਬਲਾੱਕ ਜਾਂ ਡੀਐਕਟੀਵੇਟ ਕਰ ਦਿੱਤਾ ਜਾਵੇਗਾ?**

ਬੈਂਕ ਤੋਂ ਲਏ ਗਏ ਲੋਨ/ਕ੍ਰੈਡਿਟ ਕਾਰਡ 'ਤੇ ਕਿਸੇ ਵੀ ਲਈ ਰੀਸਟ੍ਰਕਚਰਿੰਗ ਦੀ ਮਨਜ਼ੂਰੀ ਇੱਕ ਵਾਰ ਮਿਲ ਜਾਣ 'ਤੇ ਤੁਹਾਡਾ ਕ੍ਰੈਡਿਟ ਕਾਰਡ ਬਿਨਾਂ ਕਿਸੇ ਸੂਚਨਾ ਬੰਦ ਕਰ ਦਿੱਤਾ ਜਾਵੇਗਾ। ਬੈਂਕ ਲੋਨ ਈਐਮਆਈ 'ਤੇ ਮੁੜ ਅਦਾਇਗੀ ਦੇ ਆਚਰਨ ਦੇ ਆਧਾਰ 'ਤੇ 12 ਮਹੀਨੇ ਬਾਅਦ ਕਾਰਡ 'ਤੇ ਆਪਣੀ ਇੱਛਾ ਦੇ ਅਧੀਨ ਨਵੀਂਆਂ ਸੀਮਾਵਾਂ ਲਗਾਉਣ ਦਾ ਫੈਸਲਾ ਕਰ ਸਕਦਾ ਹੈ।

**14. ਕੀ ਰੀਸਟ੍ਰਕਚਰਿੰਗ ਦੀ ਸੁਵਿਧਾ ਪਾਉਣ ਲਈ ਕਿਸੇ ਨਿਊਨਤਮ ਬਕਾਇਆ ਰਾਸ਼ੀ ਦੀ ਲੋੜ ਹੈ?**

ਕਾਰਡ/ਲੋਨ ਬਕਾਇਆ ਰਾਸ਼ੀ ਨੂੰ ਰੂਪਾਂਤਰਿਤ ਕਰਨ ਲਈ ਜ਼ਰੂਰੀ ਨਿਊਨਤਮ ਬਕਾਇਆ ਬੈਲੈਂਸ ਰੁ. 25,000 ਹੈ।

**15. ਮੈਂ ਸਵੈ-ਰੁਜ਼ਗਾਰ ਵਾਲਾ ਵਿਅਕਤੀ/ਅਦਾਰਾ ਹਾਂ ਅਤੇ ਮੇਰੇ ਕੋਲ ਆਪਣੀ ਇੱਕ ਛੋਟੀ ਜਿਹੀ ਯੂਨਿਟ ਹੈ। ਕੀ ਮੈਂ ਰਾਹਤ ਲਈ ਯੋਗ ਹਾਂ?**

ਸਵੈ-ਰੁਜ਼ਗਾਰ ਵਿਅਕਤੀ/ਅਦਾਰਾ ਐਮਐਸਐਮਈ ਸ਼੍ਰੇਣੀ ਅਤੇ ਨੌਨ ਐਮਐਸਐਮਈ ਕੈਟੇਗਿਰੀ ਦੇ ਤਹਿਤ ਦੋਵਾਂ ਲਈ ਰਾਹਤ ਦੇ ਯੋਗ ਹੈ। ਬੈਂਕ ਆਪਣੇ ਸਵੈ-ਰੁਜ਼ਗਾਰ ਗਾਹਕਾਂ ਨੂੰ ਜਿੱਥੇ ਵੀ ਲਾਗੂ ਹੋਵੇ ਸਰਕਾਰ ਦੇ ਉੱਦਮ ਪੋਰਟਲ ਦੇ ਜ਼ਰੀਏ ਐਮਐਸਐਮਈ ਦੇ ਰੂਪ ਵਿੱਚ ਖੁਦ ਨੂੰ ਪੰਜੀਕ੍ਰਿਤ ਕਰਾਉਣ ਦੀ ਬੇਨਤੀ ਕਰੇਗਾ। ਉੱਦਮ ਪੋਰਟਲ ਲਿੰਕ: https://udyamregistration.gov.in/Government-of-India/Ministry-of-MSME/online-registration.htm

**16. ਕੀ ਹੁਣ ਮੈਂ ਰੀਸਟ੍ਰਕਚਰਿੰਗ ਲਈ ਅਰਜ਼ੀ ਦੇ ਸਕਦਾ ਹਾਂ ਕਿਉਂਕਿ ਮੈਂ ਪਹਿਲਾਂ ਮੋਰੇਟੋਰੀਅਮ ਦੇ ਲਈ ਅਰਜ਼ੀ ਨਹੀਂ ਦੇ ਪਾਇਆ ਸੀ?**

ਰੀਸਟ੍ਰਕਚਰਿੰਗ ਦੀ ਸਕੀਮ ਬੈਂਕ ਦੇ ਸਾਰੇ ਗਾਹਕਾਂ ਲਈ ਖੁੱਲ੍ਹੀ ਹੈ, ਫਿਰ ਚਾਹੇ ਮੋਰੇਟੋਰੀਅਮ ਦੇ ਲਈ ਅਰਜ਼ੀ ਦਿੱਤੀ ਗਈ ਹੋਵੇ ਜਾਂ ਨਾ, ਜੋ ਵੀ ਕਰਜ਼ਦਾਰ ਦੁਆਰਾ ਰੀਸਟ੍ਰਕਚਰਿੰਗ ਦੇ ਰੈਗੂਲੇਟਰੀ ਨਿਰਦੇਸ਼ਾਂ ਨੂੰ ਪੂਰਾ ਕਰਨ ਦੇ ਅਧੀਨ ਹੈ।

.

**17. ਮੈਂ ਪਹਿਲਾਂ ਤੋਂ ਹੀ ਰੀਸਟ੍ਰਕਚਰਿੰਗ ਦੀ ਸੁਵਿਧਾ ਲੈ ਚੁੱਕਿਆਂ ਹਾਂ। ਕੀ ਮੈਂ ਫਿਰ ਇੱਕ ਵਾਰ ਇਸਦਾ ਲਾਭ ਲੈ ਸਕਦਾ ਹਾਂ?**

ਜੇ ਤੁਸੀਂ ਰੀਸਟ੍ਰਕਚਰਿੰਗ ਦੀ ਸੁਵਿਧਾ ਪਹਿਲਾਂ ਤੋਂ ਹੀ ਲੈ ਰੱਖੀ ਹੈ, ਤਾਂ ਤੁਸੀਂ ਇਸ ਸਕੀਮ ਦੇ ਤਹਿਤ ਰੀਸਟ੍ਰਕਚਰਿੰਗ ਲਈ ਯੋਗ ਨਹੀਂ ਹੋ। ਫਿਰ ਵੀ, ਜੇ ਤੁਸੀਂ ਪਿਛਲੇ ਸਕੀਮ ਵਿੱਚ 24 ਮਹੀਨੇ ਦੀ ਅਵਧੀ ਵਿਸਤਾਰ ਦਾ ਪੂਰਾ ਲਾਭ ਨਹੀਂ ਲਿਆ ਹੈ, ਜੋ 31 ਦਸੰਬਰ ਨੂੰ ਸਮਾਪਤ ਹੋਈ ਹੈ, ਤਾਂ ਬੈਂਕ ਮੁਲਾਂਕਣ ਕਰਕੇ ਪੂਰੀ ਅਵਧੀ ਨੂੰ 24 ਮਹੀਨੇ ਤੱਕ ਵਿਸਤਾਰਿਤ ਕਰਕੇ ਰਾਹਤ ਦੇ ਸਕਦਾ ਹੈ।

**18. ਮੈਂ ਸਹਿ-ਕਰਜ਼ਦਾਰਾਂ ਦੇ ਨਾਲ ਲੋਨ ਲਿਆ ਸੀ। ਕੀ ਮੂਲ ਲੋਨ ਐਗਰੀਮੈਂਟ ਦੇ ਸਹਿਤ ਸਹਿ-ਕਰਜ਼ਦਾਰਾਂ ਨੂੰ ਸੰਸ਼ੋਧਿਤ ਰੀਸਟ੍ਰਕਚਰਿੰਗ ਐਗਰੀਮੈਂਟ 'ਤੇ ਹਸਤਾਖ਼ਰ ਕਰਨਾ ਜ਼ਰੂਰੀ ਹੋਵੇਗਾ?**

ਰੈਗੂਲੇਟਰੀ ਅਤੇ ਕਾਨੂੰਨੀ ਲੋੜ ਦੇ ਅਨੁਸਾਰ, ਮੂਲ ਲੋਨ ਦੇ ਸਾਰੇ ਕਰਜ਼ਦਾਰ/ਸਹਿ-ਕਰਜ਼ਦਾਰਾਂ ਨੂੰ ਰੀਸਟ੍ਰਕਚਰਿੰਗ ਐਗਰੀਮੈਂਟ ਸਹਿਤ ਲੋਨ ਸਟ੍ਰਕਚਰ ਵਿੱਚ ਕਿਸੇ ਵੀ ਬਦਲਾਵ ਲਈ ਸਹਿਮਤ ਹੋਣਾ ਪਵੇਗਾ ਅਤੇ ਉਸ 'ਤੇ ਹਸਤਾਖ਼ਰ ਕਰਨਾ ਪਵੇਗਾ।

**19. ਪੋਰਟਲ ਦੇ ਜ਼ਰੀਏ ਅਰਜ਼ੀ ਦੇਣ ਦੀ ਅੰਤਿਮ ਤਾਰੀਖ਼ ਕੀ ਹੈ?**

ਪੋਰਟਲ 'ਤੇ ਲਿੰਕ 20 ਸਤੰਬਰ 2021 ਨੂੰ ਇਕ ਲੋਨ ਵਾਲੇ ਗਾਹਕਾਂ ਜਾਂ 25 ਲੱਖ ਤੋਂ ਘੱਟ ਦੇ ਸਮੱਗਰ ਐਕਜ਼ਪੋਜ਼ਰ ਦੇ ਲਈ ਸ਼ੁਰੂ ਹੋਵੇਗੀ।

**20. ਰੀਸਟ੍ਰਕਚਰਿੰਗ ਅਰਜ਼ੀ ਦੀ ਸਥਿਤੀ ਜਾਣਨ ਲਈ ਮੈਨੂੰ ਕਿੰਨਾ ਸਮਾਂ ਲੱਗੇਗਾ।**

ਬੈਂਕ 10 ਤੋਂ 14 ਕੰਮ ਦੇ ਦਿਨਾਂ ਵਿੱਚ ਗਾਹਕਾਂ ਨੂੰ ਅਰਜ਼ੀ ਦੀ ਪ੍ਰਕਿਰਿਆ ਅਤੇ ਸਥਿਤੀ ਬਾਰੇ ਸੂਚਨਾ ਦੇਵੇਗਾ।

**21. ਮੈਨੂੰ ਸਵੀਕ੍ਰਿਤੀ ਲਈ ਮਨਜ਼ੂਰੀ ਅਤੇ ਸੂਚਨਾ ਕਿਵੇਂ ਮਿਲੇਗੀ?**

ਬੈਂਕ ਟੈਕਸਟ ਮੈਸੇਜ ਜਾਂ ਈਮੇਲ ਦੇ ਜ਼ਰੀਏ ਪੰਜੀਕ੍ਰਿਤ ਫੋਨ ਨੰਬਰ ਜਾਂ ਈਮੇਲ ਐਡਰੈਸ 'ਤੇ ਰੀਸਟ੍ਰਕਚਰਿੰਗ ਅਰਜ਼ੀ ਦੀ ਸਥਿਤੀ ਬਾਰੇ ਜਾਣਕਾਰੀ ਦੇਵੇਗਾ।

**22. ਕੀ ਮੈਨੂੰ ਰੀਸਟ੍ਰਕਚਰਿੰਗ ਲਈ ਅੱਗੇ ਦੀ ਕਾਗਜ਼ੀ ਕਾਰਵਾਈ ਕਰਨ ਦੀ ਲੋੜ ਪਵੇਗੀ?**

ਸਾਰੇ ਲੋਨਸ ਲਈ, ਤੁਹਾਨੂੰ ਰੀਸਟ੍ਰਕਚਰਿੰਗ ਨੂੰ ਪ੍ਰਭਾਵੀ ਬਣਾਉਣ ਲਈ ਮਨਜ਼ੂਰੀ ਦੇ ਬਾਅਦ ਬੈਂਕ ਲਈ ਰੀਸਟ੍ਰਕਚਰਿੰਗ ਐਗਰੀਮੈਂਟ 'ਤੇ ਹਸਤਾਖ਼ਰ ਕਰਨੇ ਪੈਣਗੇ। ਜੇ ਤੁਸੀਂ ਹੀ ਇੱਕਲੇ ਕਰਜ਼ਦਾਰ ਹੋ, ਤਾਂ ਬੈਂਕ ਐਗਰੀਮੈਂਟਸ 'ਤੇ ਹਸਤਾਖ਼ਰ ਕਰਨ ਲਈ ਡਿਜੀਟਲ ਵਿਕਲਪ ਪ੍ਰਦਾਨ ਕਰੇਗਾ। ਜੇ ਲੋਨ ਸਟ੍ਰਕਚਰ 'ਤੇ ਦੋ ਜਾਂ ਦੋ ਤੋਂ ਵੱਧ ਬਿਨੈਕਾਰ ਹਨ, ਤਾਂ ਸਾਰੇ ਬਿਨੈਕਾਰਾਂ ਨੂੰ ਅਰਜ਼ੀ ਅਤੇ ਸੰਸ਼ੋਧਿਤ ਐਗਰੀਮੈਂਟ 'ਤੇ ਪ੍ਰਤੱਖ ਹਸਤਾਖ਼ਰ ਕਰਦੇ ਹੋਏ ਸ਼ਰਤਾਂ ਨੂੰ ਸਵੀਕਾਰ ਕਰਨਾ ਹੋਵੇਗਾ ਅਤੇ ਇਹ ਐਗਰੀਮੈਂਟ ਨਜ਼ਦੀਕੀ ਕਸਟਮਰ ਸਰਵਿਸ ਡੈਸਕ 'ਤੇ ਜਮ੍ਹਾਂ ਕਰਾਇਆ ਜਾਣਾ ਚਾਹੀਦਾ ਹੈ। ਗਾਹਕ ਨੂੰ ਆਪਣੇ ਪੰਜੀਕ੍ਰਿਤ ਈਮੇਲ ਆਈਡੀ/ਆਮ ਡਾਕ ਦੁਆਰਾ ਸੰਸ਼ੋਧਿਤ ਸ਼ਰਤ ਅਤੇ ਪਰਿਸ਼ੋਧਨ ਸੂਚੀ ਦੀ ਪ੍ਰਤੀ ਪ੍ਰਾਪਤ ਹੋਵੇਗੀ।

ਜ਼ਿਆਦ ਪੁੱਛਤਾਛ ਦੇ ਮਾਮਲੇ ਵਿੱਚ:
ਕੋਰਪੋਰੇਟ ਅਤੇ ਐਸਐਮਈ ਗਾਹਕ- ਕਿਰਪਾ ਕਰਕੇ ਰਿਲੇਸ਼ਨਸ਼ਿਪ ਮੈਨੇਜਰ ਨਾਲ ਸੰਪਰਕ ਕਰੋ
ਰਿਟੇਲ ਇੰਡਿਵਿਜੁਅਲ ਗਾਹਕ-ਕਿਰਪਾ ਕਰਕੇ ਸਾਨੂੰ loansupport@hdfcbank.com 'ਤੇ ਲਿਖਣ।